Public Health
Seattle & King County

# ਖਸਰਾ ਕਿੰਨਾ ਛੂਤਕਾਰੀ ਹੈ?



ਜੋਅ ਸਿਆਟਲ ਵਿੱਚ ਰਹਿੰਦਾ ਹੈ। ਉਸਨੇ ਹਾਲ ਹੀ ਵਿੱਚ ਵਿਦੇਸ਼ ਯਾਤਰਾ ਕੀਤੀ ਜਿੱਥੇ ਉਸਨੂੰ ਖਸਰੇ ਦਾ ਸਾਹਮਣਾ ਕਰਨਾ ਪਿਆ।




ਜੋਅ ਨੂੰ ਬੁਖਾਰ ਹੈ ਅਤੇ ਉਹ ਬਿਮਾਰ ਮਹਿਸੂਸ ਕਰਦਾ ਹੈ। ਉਸਨੂੰ ਨਹੀਂ ਪਤਾ ਕਿ ਉਸਨੂੰ ਖਸਰਾ ਹੈ।



ਜੋਅ ਨੂੰ ਅਜੇ ਕੋਈ ਧੱਫੜ ਨਹੀਂ ਹੈ ਪਰ ਉਹ ਪਹਿਲਾਂ ਹੀ ਬਹੁਤ ਛੂਤਕਾਰੀ ਹੈ। ਜਦੋਂ ਉਹ ਸਾਹ ਲੈਂਦਾ ਹੈ, ਬੋਲਦਾ ਹੈ, ਖੰਘਦਾ ਹੈ ਜਾਂ ਛਿੱਕ ਮਾਰਦਾ ਹੈ ਤਾਂ ਉਹ ਹਵਾ ਵਿੱਚ ਵਾਇਰਸ ਛੱਡਦਾ ਹੈ।






ਜੋਅ ਦੇ ਜਾਣ ਤੋਂ ਬਾਅਦ ਵੀ ਵਾਇਰਸ ਹਵਾ ਵਿੱਚ ਲਟਕਦਾ ਰਹਿੰਦਾ ਹੈ। ਇਹ 2 ਘੰਟੇ ਤੱਕ ਹਵਾ ਵਿੱਚ ਰਹਿ ਸਕਦਾ ਹੈ। ਕੋਈ ਵੀ ਜੋ ਉਡੀਕਣ ਵਾਲੇ ਕਮਰੇ ਵਿੱਚੋਂ ਲੰਘਦਾ ਹੈ ਉਹ ਇਸ ਵਿੱਚ ਸਾਹ ਲੈ ਸਕਦਾ ਹੈ।



ਕੀ ਹੁੰਦਾ ਹੈ ਜੇਕਰ ਇਹਨਾਂ ਵਿੱਚੋਂ ਕਿਸੇ ਨੂੰ ਵੀ ਮਿਜ਼ੱਲ ਮਮਪਸ ਰੂਬੇਲਾ ਵੈਕਸੀਨ ਨਹੀਂ ਲੱਗੀ ਅਤੇ ਕਿਸੇ ਨੂੰ ਵੀ ਕਦੇ ਖਸਰਾ ਨਹੀਂ ਹੋਇਆ?

**10 ਵਿੱਚੋਂ 9 ਨੂੰ ਖਸਰਾ ਹੋ ਸਕਦਾ ਹੈ।**



ਪਰ ਜੇ ਉਹ ਸਾਰਿਆਂ ਦੇ ਟੀਕੇ ਲਗੇ ਹੋਏ ਹਣ?

**ਜ਼ਿਆਦਾਤਰ ਸੰਭਾਵਨਾ ਹੈ ਕਿ ਕਿਸੇ ਨੂੰ ਵੀ ਖਸਰਾ ਨਹੀਂ ਹੋਵੇਗਾ।**

ਖਸਰੇ ਦਾ ਟੀਕਾ (MMR) ਬਹੁਤ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦਾ ਹੈ। **ਲਾਗ ਨੂੰ ਰੋਕਣ ਲਈ 2 ਖੁਰਾਕਾਂ ਲਗਭਗ 97% ਪ੍ਰਭਾਵਸ਼ਾਲੀ ਹਨ।**

ਤੁਹਾਨੂੰ ਵਾਧੂ ਬੂਸਟਰਾਂ ਦੀ ਲੋੜ ਨਹੀਂ ਹੈ-- ਉਨ੍ਹਾਂ ਖੁਰਾਕਾਂ ਤੋਂ ਸੁਰੱਖਿਆ ਜੀਵਨ ਭਰ ਰਹਿੰਦੀ ਹੈ!

**kingcounty.gov/measles**

